**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਐਸ.ਸੀ.ਓ.**
**104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ (ਸੈ.ਸਿ.)
ਪੰਜਾਬ।

ਮੀਮੋ ਨੰ: ਐਸ.ਐਸ.ਏ./ਵਜੀਫਾ/2012/84412
ਮਿਤੀ: ਚੰਡੀਗੜ੍ਹ 27-08-2012

ਵਿਸ਼ਾ:- ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਨੂੰ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਜੀਫੇ ਦੇਣ ਸਬੰਧੀ- ਸੈਸ਼ਨ 2012-13

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਕਰਨਲ ਮੁਲਤਾਨੀ, ਚੰਡੀਗੜ੍ਹ ਅਤੇ ਸ. ਚਰਨਜੀਤ ਸਿੰਘ ਦਿੱਲੀ ਵੱਲੋ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਘੱਟ ਗਿਣਤੀਆਂ ਦੇ ਵਿਦਿਆਰਥੀਆਂ ਦੇ ਵਜੀਫੇ ਦੀ ਰਾਸ਼ੀ ਦੇ ਪਿਛਲੇ ਸਾਲ 2011-12 ਦੇ ਚੈੱਕ ਜੋ ਡਾਇਰੈਕਟਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. 128-129, ਸੈਕਟਰ 34-ਏ, ਚੰਡੀਗੜ੍ਹ (ਮਨਿਓਰਿਟੀ ਸ਼ਾਖਾ) ਵੱਲੋਂ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਭੇਜੇ ਗਏ ਸਨ, ਉਹਨਾਂ ਵਿਚੋ ਬਹੁਤ ਸਾਰੇ ਚੈੱਕ ਸਮੇਂ ਸਿਰ ਕੈਸ਼ ਨਾ ਕਰਵਾਉਣ ਕਾਰਨ ਇੰਨਵੈਲਿਡ ਹੋ ਗਏ ਹਨ। ਉਹਨਾਂ ਨੂੰ ਰੀ-ਵੈਲਿਡੇਟ ਕਰਵਾਉਣ ਲਈ ਆਪ ਨੂੰ ਬੇਨਤੀ ਹੈ ਕਿ ਅਜਿਹੇ ਸਾਰੇ ਚੈੱਕ ਇਕੱਠੇ ਕਰਕੇ ਦਫਤਰ ਡਾਇਰੈਕਟਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ ਪੰਜਾਬ ਵਿਖੇ ਤਾਇਨਾਤ ਸ਼੍ਰੀ ਜੰਗ ਸਿੰਘ ਕੁੰਡਲਸ, ਮੁੱਖ ਕੁਆਰਡੀਨੇਟਰ, (ਮਨਿਓਰਿਟੀ ਸ਼ਾਖਾ) ਜਿਹਨਾਂ ਦਾ ਮੋਬਾਇਲ ਨੰ: 098729-09095 ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਇਹਨਾਂ ਨੂੰ ਸਮੇਂ ਸਿਰ ਸਬੰਧਤ ਬੈਂਕ ਤੋਂ ਰੀ-ਵੈਲੀਡੇਟ ਕਰਵਾਇਆ ਜਾ ਸਕੇ।

3.0 ਉਹਨਾਂ ਵਲੋਂ ਵਿਭਾਗ ਦੇ ਨੋਟਿਸ ਵਿੱਚ ਇਹ ਵੀ ਲਿਆਂਦਾ ਗਿਆ ਹੈ ਕਿ ਘੱਟ ਗਿਣਤੀ ਨਾਲ ਸਬੰਧਤ ਵਿਦਿਆਰਥੀਆਂ ਦੇ ਵਜੀਫੇ ਦੇ ਫਾਰਮਾਂ ਨੂੰ ਭਰਨ ਸਬੰਧੀ ਜੋ ਸੂਚਨਾਂ ਭਲਾਈ ਵਿਭਾਗ ਨੂੰ ਭੇਜੀ ਜਾਣੀ ਹੈ ਉਸ ਨੂੰ ਇਕੱਤਰ ਕਰਨ ਵਿੱਚ ਜ਼ਿਲ੍ਹਾ ਪਧੱਰ ਦੇ ਦਫਤਰਾਂ ਵਿੱਚ ਦਿਕਤ ਪੇਸ਼ ਆ ਰਹੀ ਹੈ । ਇਸ ਲਈ ਉਹਨਾਂ ਵਲੋਂ ਵਿਭਾਗ ਦੀ ਸਹੂਲਤ ਲਈ ਸਕਾਲਰਸ਼ਿਪ ਸਾਫਟਵੇਅਰ (ਡਾਟਾ ਐਂਟਰੀ) ਦੀ ਸੀ.ਡੀ. ਤਿਆਰ ਕੀਤੀ ਗਈ ਹੈ, ਜੋ ਕਿ ਇਹਨਾ ਫਾਰਮਾਂ ਸਬੰਧੀ ਸੂਚਨਾ ਭੇਜਣ ਵਾਸਤੇ ਸਹਾਇਕ ਹੋਵੇਗੀ । ਇਸ ਲਈ ਇਸ ਪੱਤਰ ਰਾਹੀ ਸੀ.ਡੀ. ਦੀ ਕਾਪੀ ਆਪ ਜੀ ਦੇ ਵਰਤੋ ਲਈ/ਰਿਕਾਰਡ ਹਿਤ ਸਮੇਤ ਸਬੰਧਤ ਸਕੀਮ ਦੀ ਕਾਪੀ ਭੇਜੀ ਜਾਂਦੀ ਹੈ । ਸਕੂਲਾਂ ਤੋਂ ਜੋ ਘੱਟ ਗਿਣਤੀ ਵਿਦਿਆਰਥੀਆਂ ਦੇ ਫਾਰਮ ਭਰ ਕੇ ਪ੍ਰਾਪਤ ਹੁੰਦੇ ਹਨ, **ਉਹ ਜ਼ਿਲ੍ਹਾ ਪੱਧਰ ਤੇ ਦਫਤਰ ਵਿੱਚ ਰੱਖ ਲਏ ਜਾਣ** ਅਤੇ ਇਹਨਾਂ ਵਜੀਫੇ ਫਾਰਮਾਂ ਸਬੰਧੀ ਸੂਚਨਾ ਭਲਾਈ ਵਿਭਾਗ ਨੂੰ ਸੀ.ਡੀ ਵਿੱਚ ਦਿੱਤੇ ਗਏ ਫਾਰਮੇਟ ਅਨੁਸਾਰ ਤਿਆਰ ਕਰਕੇ ਭੇਜਣ ਦੀ ਖੇਚਲ ਕੀਤੀ ਜਾਵੇ। ਸੀ.ਡੀ. ਦੇ ਸਾਫਟਵੇਅਰ (ਡਾਟਾ ਐਂਟਰੀ) ਬਾਰੇ ਜੇਕਰ ਕੋਈ ਸਪਸ਼ਟੀਕਰਨ ਲੈਣਾ ਹੋਵੇ ਤਾ ਨਿਤਨ ਸ਼ਰਮਾ 095553-59809 ਦੇ ਨਾਲ ਸੰਪਰਕ ਕਰ ਲਿਆ ਜਾਵੇ । ਸਰਵ ਸਿੱਖਿਆ ਅਭਿਆਨ ਅਥਾਰਿਟੀ ਪੰਜਾਬ ਦੀ ਵੈਬ-ਸਾਈਟ www.ssapunjab.org ਤੇ ਵੀ ਸਾਫਟਵੇਅਰ ਡਾਊਨਲੋਡ ਕੀਤਾ ਜਾ ਸਕਦਾ ਹੈ। ਜੇਕਰ ਫਾਰਮ ਭਰਨ ਵਿੱਚ ਕੋਈ ਦਿਕਤ ਆਵੇ ਤਾਂ ਨਾਲ ਨੱਥੀ ਲਿਸਟ ਅਨੁਸਾਰ ਜ਼ਿਲ੍ਹਾ ਪੱਧਰ ਤੇ ਕੁਆਰਡੀਨੇਟਰ ਨਾਲ ਵੀ ਸੰਪਰਕ ਕਰ ਲਿਆ ਜਾਵੇ।

4.0 ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਅਤੇ ਭਲਾਈ ਵਿਭਾਗ ਨੂੰ ਸੂਚਨਾ ਸਮੇਂ ਸਿਰ ਭੇਜਣ ਦੀ ਖੇਚਲ ਕੀਤੀ ਜਾਵੇ।

ਨੱਥੀ:- ਸਾਫਟਵੇਅਰ ਦੀ ਸੀ.ਡੀ.

ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ।